# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **14.12.2018**

# ਦੀ ਕਾਰਵਾਈ

(ਮਤਾ ਨੰ: **210-231** )

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 14-12-2018 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ .................................. ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, .............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, .............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ .................................... ..... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 210
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 3.11.2018 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 3.11.2018 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 211

ਵਿਸ਼ਾ:- ਕਮਲ ਵਿਹਾਰ ਨਜਦੀਕ ਸ਼ਮਸ਼ਾਨ ਘਾਟ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 15 ਪੁਰਾਣਾ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 19,80,722/- ਟੈਂਡਰ ਮੰਗੇ ਰੁਪਏ: 18,85,555/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ: 17,76,004/- ਸੇਵਿੰਗ 5.81%
ਅਜੰਸੀ ਦਾ ਨਾਮ:- ਮੈਸਰਜ ਗੋਇਲ ਟਿਊਬਵੈਲ ਸਟੋਰ ਨਾਭਾ
ਈ.ਪੀ.ਐਫ ਨੰ: PB/CH 21180 ESI No. 12000 63848 0000999

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.18 ਕਿ ਉਪਰੋਕਤ ਜਗ੍ਹ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 19,80,722/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 68(23) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 95000/- ਬਿਜਲੀ ਕੁਨੈਕਸ਼ਨ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 18,85,555/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ। ਕੁੱਲ 1 ਟੈਂਡਰ ਪ੍ਰਾਪਤ ਹੋਇਆ ਸੀ, ਜ਼ੋ ਕਿ ਸਥਾਨਕ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 02.08.18 ਨੂੰ ਮੁੱਖ ਰੱਖਦੇ ਹੋਏ ਰੱਦ ਕਰ ਦਿੱਤਾ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੋਂ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਉਪਰੋਕਤ ਅਜੰਸੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੰਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 5.81% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 18,85,555/- ਦੇ ਵਿਰੁੱਧ ਰੁਪਏ 17,76,004/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 212**

ਵਿਸ਼ਾ:- ਮੱਧੂਬਨ ਕਲੌਨੀ ਪਾਰਕ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 41 ਪੁਰਾਣਾ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 18,29,522/- ਟੈਂਡਰ ਮੰਗੇ ਰੁਪਏ: 17,15,555/-
ਕੁੱਲ ਪ੍ਰਾਪਤ ਟੈਂਡਰ = 3 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ: 16,46,932/- ਸੇਵਿੰਗ 4%
ਅਜੰਸੀ ਦਾ ਨਾਮ:- ਸ੍ਰੀ ਗੋਰਵ ਸ਼ਰਮਾ
ਈ.ਪੀ.ਐਫ ਨੰ: LD JAL 0044411 ESI No. 29000 61876 0000699

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.18 ਕਿ ਉਪਰੋਕਤ ਜਗ੍ਹਾ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,29,522/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(14) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 1,13,500/- ਬਿਜਲੀ ਕੁਨੈਕਸ਼ਨ ਦੇ ਰਾੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 17,15,555/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ। ਕੁੱਲ 1 ਟੈਂਡਰ ਪ੍ਰਾਪਤ ਹੋਇਆ ਸੀ, ਜ਼ੋ ਕਿ ਸਥਾਨਕ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 02.08.18 ਨੂੰ ਮੁੱਖ ਰੱਖਦੇ ਹੋਏ ਰੱਦ ਕਰ ਦਿੱਤਾ ਗਿਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਕੁੱਲ 3 ਟੈਂਡਰ ਪ੍ਰਾਪਤ ਹੋਏ। ਜਿਹਨਾ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਲਈ ਇਹਨਾ ਅਜੰਸੀਆਂ ਦੀਆਂ ਵਿੱਤੀ ਬਿਡ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੰਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 4% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 17,15,555/- ਦੇ ਵਿਰੁੱਧ ਰੁਪਏ 16,46,932/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 213

ਵਿਸ਼ਾ:- ਕਬੀਰ ਵਿਹਾਰ ਨਜਦੀਕ ਓ.ਐਚ.ਐਸ.ਆਰ ਵਿਖੇ ਰਿਗ ਬੋਰ ਟਿਉਬਵੈਲ ਲਗਾਉਣ ਬਾਰੇ। ਵਾਰਡ ਨੰ: 41 ਪੁਰਾਣਾ (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 19,10,730/-
ਟੈਂਡਰ ਮੰਗੇ ਰੁਪਏ: 17,90,935/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 16,86,881/- ਸੇਵਿੰਗ 5.81%
ਅਜੰਸੀ ਦਾ ਨਾਮ:- ਮੈਸਰਜ ਗੋਇਲ ਟਿਉਬਵੈਲ ਸਟੋਰ ਨਾਭਾ
ਈ.ਪੀ.ਐਫ ਨੰ: PB/CH 21180 ESI No. 12000 63848 0000999

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.18 ਕਿ ਉਪਰੋਕਤ ਜਗ੍ਹ ਤੇ ਟਿਉਬਵੈਲ ਲਗਾਉਣ ਲਈ ਤਖਮੀਨਾ ਰੁਪਏ 19,10,730/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(36) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 1,20,000/- ਬਿਜਲੀ ਕੁਨੈਕਸ਼ਨ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 17,90,935/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਉਪਰੋਕਤ ਅਜੰਸੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੰਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 5.81% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 17,90,935/- ਦੇ ਵਿਰੁੱਧ ਰੁਪਏ 16,86,881/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 214**

ਵਿਸ਼ਾ:- ਗੋਪਾਲ ਨਗਰ ਨਜਦੀਕ ਮਾਮੇ ਦਾ ਢਾਬਾ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 26 ਪੁਰਾਣਾ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 19,27,208/-
ਟੈਂਡਰ ਮੰਗੇ ਰੁਪਏ: 16,25,555/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 15,60,532/- ਸੇਵਿੰਗ 4%
ਅਜੰਸੀ ਦਾ ਨਾਮ:- ਸ੍ਰੀ ਗੋਰਵ ਸ਼ਰਮਾ
ਈ.ਪੀ.ਐਫ ਨੰ: LD JAL 0044411 ESI No. 29000 61876 0000699

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.18 ਕਿ ਉਪਰੋਕਤ ਜਗ੍ਹ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 19,27,208/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(12) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 3,01,486/- ਬਿਜਲੀ ਕੁਨੈਕਸ਼ਨ ਅਤੇ ਜੀ.ਐਸ.ਟੀ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 16,25,555/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਉਪਰੋਕਤ ਅਜੰਸੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੰਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 4% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 16,25,555/- ਦੇ ਵਿਰੁੱਧ ਰੁਪਏ 15,60,532/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 215**

ਵਿਸ਼ਾ:- ਰੋਹਨੀ ਕਲੋਨੀ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 42 ਪੁਰਾਣਾ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 18,29,522/-
ਟੈਂਡਰ ਮੰਗੇ ਰੁਪਏ: 17,15,555/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 16,80,729/- ਸੇਵਿੰਗ 2.03%
ਅਜੰਸੀ ਦਾ ਨਾਮ:- ਮੈਸਰਜ ਦੀਪ ਟਿਊਬਵੈਲ ਡਰੀਲਰਜ਼ ਪ੍ਰਾ:ਲਿ: ਜੀਰਕਪੁਰ
ਈ.ਪੀ.ਐਫ ਨੰ: PB/CHD 0045439 ESI No. 12000 62040 0000699

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 20.11.18 ਕਿ ਉਪਰੋਕਤ ਜਗ੍ਹ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,29,522/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(13) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 1,13,500/- ਬਿਜਲੀ ਕੁਨੈਕਸ਼ਨ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 17,15,555/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਉਪਰੋਕਤ ਅਜੰਸੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਇਹ ਅਜੰਸੀ 2.03% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 17,15,555/- ਦੇ ਵਿਰੁੱਧ ਰੁਪਏ 16,80,729/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਅਜੰਸੀ ਨੇ ਸੀ.ਐਸ.ਆਰ ਦੀ ਏ.ਸੀ ਸਲੀਪ 6 ਅਨੁਸਾਰ ਗਰੈਵਲ ਦੇ ਨਵੇ ਰੇਟਾਂ ਦੀ ਮੰਗ ਕੀਤੀ ਸੀ ਜ਼ੋ ਕਿ ਬਾਅਦ ਵਿੱਚ ਵਾਪਿਸ ਲੈ ਲਈ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 216**

ਵਿਸ਼ਾ:- ਬਸਤੀ ਪੀਰ ਦਾਦ ਗੋਰਮੈਂਟ ਸਕੂਲ ਦੇ ਸਾਹਮਣੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 42 ਪੁਰਾਣਾ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 18,79,522/-
ਟੈਂਡਰ ਮੰਗੇ ਰੁਪਏ: 17,15,555/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 16,80,729/- ਸੇਵਿੰਗ 2.03%
ਅਜੰਸੀ ਦਾ ਨਾਮ:- ਮੈਸਰਜ ਦੀਪ ਟਿਊਬਵੈਲ ਡਰੀਲਰਜ਼ ਪ੍ਰਾ:ਲਿ: ਜੀਰਕਪੁਰ
ਈ.ਪੀ.ਐਫ ਨੰ: PB/CHD 0045439 ESI No. 12000 62040 0000699

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 22.11.18 ਕਿ ਉਪਰੋਕਤ ਜਗ੍ਹਾ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,79,522/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 69(5) ਮਿਤੀ 06-09-17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 17518 ਮਿਤੀ 23.03.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 1,64,000/- ਬਿਜਲੀ ਕੁਨੈਕਸ਼ਨ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 17,15,555/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਉਪਰੋਕਤ ਅਜੰਸੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਇਹ ਅਜੰਸੀ 2.03% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 17,15,555/- ਦੇ ਵਿਰੁੱਧ ਰੁਪਏ 16,80,729/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਅਜੰਸੀ ਨੇ ਸੀ.ਐਸ.ਆਰ ਦੀ ਏ.ਸੀ ਸਲੀਪ 6 ਅਨੁਸਾਰ ਗਰੈਵਲ ਦੇ ਨਵੇ ਰੇਟਾਂ ਦੀ ਮੰਗ ਕੀਤੀ ਸੀ ਜ਼ੋ ਕਿ ਬਾਅਦ ਵਿੱਚ ਵਾਪਿਸ ਲੈ ਲਈ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 217
ਵਿਸ਼ਾ:- ਧੋਗੜੀ ਰੋਡ ਵਿਖੇ ਰਿਗ ਬੋਰ ਟਿਊਬਵੈਲ ਲਗਾਉਣ ਬਾਰੇ। ਵਾਰਡ ਨੰ: 5 ਨਿਉ (ਰਿਪਲੇਸਮੈਂਟ) (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 16,38,755/-
ਟੈਂਡਰ ਮੰਗੇ ਰੁਪਏ: 15,96,755/-
ਕੁੱਲ ਪ੍ਰਾਪਤ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 15,64,340/- ਸੇਵਿੰਗ 2.03%
ਅਜੰਸੀ ਦਾ ਨਾਮ:- ਮੈਸਰਜ ਦੀਪ ਟਿਉਬਵੈਲ ਡਰੀਲਰਜ਼ ਪ੍ਰਾ:ਲਿ: ਜੀਰਕਪੁਰ
ਈ.ਪੀ.ਐਫ ਨੰ: PB/CHD 0045439 ESI No. 12000 62040 0000699

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 22.11.18 ਕਿ ਉਪਰੋਕਤ ਜਗ੍ਹਾ ਤੇ ਟਿਉਬਵੈਲ ਲਗਾਉਣ ਲਈ ਤਖਮੀਨਾ ਰੁਪਏ 16,38,755/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 94(14) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 38187 ਮਿਤੀ 10.07.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਤਖਮੀਨੇ ਵਿੱਚੋ ਰੁਪਏ 42000/- ਬਿਜਲੀ ਕੁਨੈਕਸ਼ਨ ਦੇ ਰੱਖਵੇ ਰੱਖ ਕੇ ਬਾਕੀ ਤਖਮੀਨਾ ਰੁਪਏ 15,96,755/- ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 30.07.18 ਅਤੇ ਠੇਕੇਦਾਰਾ ਕੋਲੋ ਮਿਤੀ 09.08.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 06.09.18 ਅਤੇ ਠੇਕੇਦਾਰਾ ਕੋਲੋ ਮਿਤੀ 13.09.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਕੋਲੇ ਮਿਤੀ 15.10.18 ਅਤੇ ਠੇਕੇਦਾਰਾ ਕੋਲੋ ਮਿਤੀ 25.10.18 ਲਈ ਮੰਗੇ ਗਏ ਸਨ। ਕੁੱਲ 2 ਟੈਂਡਰ ਪ੍ਰਾਪਤ ਹੋਏ। ਜਿਹਨਾ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਲਈ ਇਹਨਾ ਅਜੰਸੀਆਂ ਦੀਆਂ ਵਿੱਤੀ ਬਿਡ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੰਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 2.03% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 15,96,755/- ਦੇ ਵਿਰੁੱਧ ਰੁਪਏ 15,64,340/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।ਅਜੰਸੀ ਨੇ ਸੀ.ਐਸ.ਆਰ ਦੀ ਏ.ਸੀ ਸਲੀਪ 6 ਅਨੁਸਾਰ ਗਰੈਵਲ ਦੇ ਨਵੇ ਰੇਟਾਂ ਦੀ ਮੰਗ ਕੀਤੀ ਸੀ ਜੋ ਕਿ ਬਾਅਦ ਵਿੱਚ ਵਾਪਿਸ ਲੈ ਲਈ ਹੈ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜਿਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਈ-ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਰਿਪਲੇਸ ਕੀਤੇ ਜਾਣ ਵਾਲੇ ਟਿਊਬਵੈਲ ਦਾ ਜਿਹੜਾ ਵੀ ਸਮਾਨ ਨਿਕਲੇਗਾ ਉਸਦੀ ਡਿਟੇਲ ਪਹਿਲਾਂ ਦਿੱਤੀ ਜਾਵੇ ਅਤੇ ਸਟਾਕ ਰਜਿਸਟਰ ਵੀ ਵਿਖਾਇਆ ਜਾਵੇ ਜਿਸ ਤੇ ਐਸ.ਈ.(ਓ ਐਂਡ ਐਮ) ਵਲੋਂ ਕਿਹਾ ਗਿਆ ਕਿ ਇਹ ਡਿਟੇਲ ਸੋਮਵਾਰ ਮਿਤੀ 17.12.2018 ਤੱਕ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 218

ਵਿਸ਼ਾ:- ਨਗਰ ਨਿਗਮ ਦੇ ਸਾਰੇ 80 ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਬਾਰੇ। ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ: 46,67,190/- ਟੈਂਡਰ ਅਮਾਉਂਟ ਰੁਪਏ 32,52,564/- ਸੇਵਿੰਗ 30.31%
ਅਜੰਸੀ ਦਾ ਨਾਮ:- ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ
ਈ.ਪੀ.ਐਫ ਨੰ: PB/JAL 35666 ESI No. 29000 61175 0001001

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਲਾਈਟ) ਮਿਤੀ 20.11.18 ਕਿ ਨਗਰ ਨਿਗਮ ਹਾਉਸ ਦੀ ਮਿਤੀ 18.10.2018 ਨੂੰ ਹੋਈ ਮੀਟਿੰਗ ਦੇ ਜੀਰੋ ਆਵਰ ਵਿੱਚ ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ ਵੱਲੋਂ ਮੇਅਰ ਜੀ ਪਾਸੋ ਮੰਗ ਕੀਤੀ ਗਈ ਕਿ ਦੀਵਾਲੀ ਦੇ ਤਿਉਹਾਰ ਤੇ ਪਰੰਪਰਾ ਰਹੀ ਹੈ ਕਿ ਕੌਂਸਲਰਾਂ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਉਹ ਮੰਗ ਕਰਦੇ ਹਨ ਕਿ ਹਰੇਕ ਕੌਂਸਲਰ ਨੂੰ 25-25 ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਣ। ਮਾਨਯੋਗ ਮੇਅਰ ਜੀ ਨੇ ਮੰਨਿਆ ਕਿ ਇਹ ਪੁਰਾਣੀ ਪ੍ਰਥਾ ਰਹੀ ਹੈ ਕਿ ਦੀਵਾਲੀ ਵੇਲੇ ਹਰੇਕ ਕੌਂਸਲਰ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਇਸ ਲਈ ਉਹਨਾਂ ਕਮਿਸ਼ਨਰ ਜੀ ਨੂੰ ਇਸ ਸਬੰਧੀ ਜੱਲਦ ਕਾਰਵਾਈ ਕਰਨ ਲਈ ਕਿਹਾ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਹਰੇਕ ਵਾਰਡ ਵਿੱਚ 30 ਵਾਟ ਦੇ 20-20 ਸਟਰੀਟ ਲਾਇਟ ਦੇ ਐਲ.ਈ.ਡੀ ਪੁਆਇੰਟ ਲਗਾਉਣ ਵਾਸਤੇ ਰੁਪਏ 46,67,190/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੀ ਇਨਐਂਟੀਸਿਪੇਸ਼ਨ ਅਰਪੂਵਲ ਆਫ ਹਾਉਸ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.18 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 16.11.18 ਲਈ ਟੈਂਡਰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਵੀ ਵੈਬਸਾਈਟ ਤੋ ਡਾਉਨਲੋਡ ਕੀਤੀ ਗਈ, ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਠੇਕੇਦਾਰ ਦਾ ਨਾਮ | ਤਖਮੀਨਾ ਰੁਪਏ | ਪ੍ਰਾਪਤ ਸੇਵਿੰਗ | ਟੈਂਡਰ ਅਮਾਉਂਟ ਰੁਪਏ |
|---|---|---|---|---|
| 1 | ਮੈ: ਜਗਦੀਸ਼ ਇਲੈਕਟ੍ਰਿਕਸ ਵਰਕਸ | 46,67,190/- | 23.10% | 35,89,069/- |
| 2 | ਮੈ: ਏ.ਐਸ.ਐਂਟਰਪ੍ਰਾਇਸਿਜ਼ | 46,67,190/- | 30.31% | 32,52,564/- |
| 3 | ਮੈ: ਸਰੀਨ ਕੰਟਰੈਕਟਰਜ਼ | 46,67,190/- | 20.21% | 37,23,950/- |

ਉਪਰੋਕਤ ਤੁਲਨਾਤਮਕ ਸੂਚੀ ਅਨੁਸਾਰ ਮੈਸਰਜ਼ ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 46,67,190/- ਦੇ ਵਿਰੁੱਧ 30.31% ਦੀ ਸੇਵਿੰਗ ਨਾਲ ਰੁਪਏ 32,52,564/- ਵਿੱਚ ਕਰਨਾ ਹੈ।

ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਲਿਖਿਆ ਹੈ ਕਿ ਇਸ ਕੰਮ ਦੀ ਹਾਊਸ ਤੋਂ ਅਪਰੂਵਲ ਹੋਣੀ ਬਾਕੀ ਹੈ । ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਇਹ ਕੰਮ ਮੇਅਰ ਜੀ ਵਲੋਂ ਇਨਐਂਟੀਸਿਪੇਸ਼ਨ ਆਫ ਹਾਊਸ ਅਪਰੂਵ ਕੀਤਾ ਗਿਆ ਸੀ । ਕੰਮ ਦੇ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਮੰਗੇ ਗਏ ਸਨ ਜਿਹੜੇ ਕਿ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਜਾਂਦੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਟੈਂਡਰ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 219

ਵਿਸ਼ਾ:- ਸ਼ਹਿਰ ਵਿੱਚ ਲਗੇ ਹੋਏ ਟਰੈਫਿਕ ਸਿਗਨਲਾਂ ਦੇ 2 ਸਾਲ ਲਈ ਰੱਖ ਰੱਖਾਵ ਦੇ ਅਲਾਟ ਕੰਮ ਵਿੱਚ 25% ਵਾਧਾ ਕਰਨ ਬਾਰੇ।

ਤਖਮੀਨਾ ਰੁਪਏ 15,02,400/- ਟੈਂਡਰ ਅਮਾਉਂਟ ਰੁਪਏ 14,37,797/-
ਅਜੰਸੀ ਦਾ ਨਾਮ:- ਮੈਸਰਜ਼ ਆਰ.ਆਰ ਇਲੈਕਟ੍ਰਿਕੋਨਿਕਸ ਮੋਹਾਲੀ ਸੇਵਿੰਗ 4.30%
ਈ.ਪੀ.ਐਫ ਨੰ: PB/CHD/ 0038170

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਲਾਈਟ) ਮਿਤੀ 20.11.18 ਕਿ ਸ਼ਹਿਰ ਵਿੱਚ ਪੁਰਾਣੇ 20 ਟਰੈਫਿਕ ਸਿਗਨਲ ਲਗੇ ਹੋਏ ਹਨ, ਜਿਹਨਾ ਦਾ ਵੇਰਵਾ ਹੇਠ ਅਨੁਸਾਰ ਹੈ:-

1. ਵਰਕਸ਼ਾਪ ਚੌਕ
2. ਕਪੂਰਥਲਾ ਚੌਕ
3. ਚਿੱਕ-ਚਿੱਕ ਹਾਊਸ ਚੌਕ
4. ਫੁਟਬਾਲ ਚੌਕ
5. ਅੰਬੇਦਕਰ ਚੌਕ
6. ਗੁਰੂ ਨਾਨਕ ਮਿਸ਼ਨ ਚੌਕ
7. ਬੀ.ਐਮ.ਸੀ ਚੌਕ
8. ਪੀ.ਏ.ਪੀ ਚੌਕ
9. ਪਠਾਨਕੋਟ ਬਾਈ ਪਾਸ ਚੌਕ
10. ਪਟੇਲ ਚੌਕ
11. ਅੱਡਾ ਬਸਤੀ ਚੌਕ
12. ਨਹਿਰੂ ਗਾਰਡਨ ਚੌਕ
13. ਜੀ.ਪੀ.ਓ ਟੀ-ਜੰਕਸ਼ਨ
14. ਭਗਵਾਨ ਪਰਸ਼ੂਰਾਮ ਮਾਰਗ ਸਿੱਟੀ ਹਸਪਤਾਲ
15. ਭਗਵਾਨ ਪਰਸ਼ੂਰਾਮ ਮਾਰਗ ਕੂਲ ਰੋਡ ਚੌਕ
16. ਮਾਡਲ ਟਾਊਨ ਟੀ-ਜੰਕਸ਼ਨ
17. ਸੋਡਲ ਚੌਕ
18. ਕਿਸ਼ਨਪੂਰਾ ਚੌਕ
19. ਮਕਸੂਦਾ ਚੌਕ
20. ਸ੍ਰੀ ਅਵਤਾਰ ਸਿੰਘ ਹੈਨਰੀ ਦੀ ਕੋਠੀ ਦੇ ਲਾਗੇ ਚੌਕ

ਉਪਰੋਕਤ ਟਰੈਫਿਕ ਸਿਗਨਲਾਂ ਦੇ 2 ਸਾਲ ਦੇ ਰੱਖ ਰੱਖਾਵ ਲਈ **(20 ਨੰਬਰ x 24 ਮਹੀਨੇ @ Rs. 3130/-)** ਰੁਪਏ 15,02,400/- ਤਿਆਰ ਕੀਤਾ ਗਿਆ ਹੈ, ਜਿਸ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 180(41) ਮਿਤੀ 05.12.16 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 296 ਮਿਤੀ 23.12.16 ਰਾਹੀਂ ਕੀਤੀ ਸੀ। ਇਸ ਕੰਮ ਦਾ ਵਰਕ ਆਰਡਰ ਨੰ: ਸੀ.ਈ/ਈ.ਟੀ/93 ਮਿਤੀ 24.12.16 ਰਾਹੀਂ 24 ਮਹੀਨੀਆ ਲਈ ਅਲਾਟ ਕੀਤਾ ਗਿਆ ਸੀ, ਜ਼ੋ ਕਿ ਖਤਮ ਹੋਣ ਵਾਲਾ ਹੈ। ਸ਼ਹਿਰ ਵਿੱਚ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਹਨਾਂ ਟਰੈਫਿਕ ਸਿਗਨਲਾਂ ਦੇ ਰੱਖ ਰੱਖਾਵ ਦਾ ਕੰਮ ਲੋਕ ਹਿੱਤ ਵਿੱਚ ਬਹੁਤ ਜਰੂਰੀ ਹੈ। ਇਸ ਲਈ ਤਜਵੀਜ਼ ਕੀਤਾ ਜਾਂਦਾ ਹੈ ਕਿ ਵਿਸ਼ੇ ਅਧੀਨ ਅਲਾਟ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਕੇ ਕੰਮ ਦੀ ਮਿਆਦ ਉਸ ਵੇਲੇ ਤੱਕ ਵੱਧਾਈ ਜਾਵੇ ਜੱਦੋ ਤੱਕ ਨਵੀਂ ਅਲਾਟਮੈਂਟ ਨਹੀ ਹੋ ਜਾਂਦੀ।

ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਲੋਕ ਹਿੱਤ ਵਿੱਚ ਵਿਸ਼ੇ ਅਧੀਨ ਅਲਾਟ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਕੇ ਕੰਮ ਦੀ ਮਿਆਦ ਵੱਧਾਉਣ ਦੀ ਉਪਰੋਕਤ ਅਨੁਸਾਰ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 4.12.18 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਤਜਵੀਜ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਸੰਯੁਕਤ ਕਮਿਸ਼ਨਰ (ਆਰ) ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 7.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ਅਤੇ ਲਿਖਿਆ ਹੈ ਕਿ ਸਬੰਧਤ ਕਾਰਜਕਾਰੀ ਇੰਜੀਨਿਅਰ ਨੂੰ ਕਾਰਣ ਦੱਸੋ ਨੋਟਿਸ ਜਾਰੀ ਕੀਤਾ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਤਜਵੀਜ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 220

ਵਿਸ਼ਾ:- Supply of 5 No. Tractor with Trolleys on hiring basis with 2 No. Labour for each Trolly for Health Branch for Jalandhar West Constituency

ਕੰਮ ਦਾ ਤਖਮੀਨਾ ਰੁ: 55,33,165/-
ਸੋਧਿਆ ਤਖਮੀਨਾ ਰੁ: 69,13,000/-

ਪੜ੍ਹਿਆ ਨੋਟ ਚੀਫ ਸੈਨੇਟਰੀ ਇੰਸਪੈਕਟਰ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋ ਤਿਆਰ ਕੀਤਾ ਗਿਆ ਜਿਸ ਨੂੰ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 60 ਮਿਤੀ 06-09-2017 ਰਾਹੀਂ ਪ੍ਰਵਾਨਗੀ ਦਿਤੀ। ਇਸ ਕੰਮ ਦੇ ਟੈਂਡਰ ਮਿਤੀ 01-11-2017 ਰਾਹੀਂ ਈ.ਟੈਡਰਿੰਗ ਰਾਹੀ ਮੰਗੇ ਗਏ ਤੇ ਸਭ ਤੋਂ ਘਟ ਰੇਟ ਟੈਡਰ ਸ਼੍ਰੀ ਵਿਸ਼ਾਲ ਠੇਕੇਦਾਰ ਦਾ ਪ੍ਰਾਪਤ ਹੋਇਆ। ਜਿਸ ਨੂੰ ਕਮਿਸ਼ਨਰ ਜੀ ਨੇ ਮਿਤੀ 06-11-2017 ਰਾਹੀ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: ਸੀਈ-30 ਮਿਤੀ 07-11-2017 ਰਾਹੀ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ 12 ਮਹੀਨੇ ਦਾ ਸਮਾਂ ਦਿਤਾ ਗਿਆ।

ਇਹ ਕੰਮ ਮੁਕੰਮਲ ਹੋਣ ਵਾਲਾ ਹੈ ਅਤੇ ਨਵਾਂ ਟੈਂਡਰ ਨਹੀਂ ਲਗਾਇਆ ਗਿਆ ਹੈ ਇਸ ਲਈ ਸ਼ਹਿਰ ਦੀ ਸਫਾਈ ਨੂੰ ਮੁੱਖ ਰਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਕੰਮ ਦਾ ਸੋਧਿਆ ਤਖਮੀਨਾ ਰੁ:69,13,000/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਤਖਮੀਨੇ ਤੋ 25% ਦੇ ਅੰਦਰ ਹੈ। ਇਸ ਲਈ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕਰਨ ਦੀ ਕਿਰਪਾਲਤਾ ਕੀਤੀ ਜਾਵੇ। ਜਿਸ ਤੇ ਹੈਲਥ ਅਫਸਰ ਨੇ ਮਿਤੀ 21.11.2018 ਰਾਹੀਂ ਲਿਖਿਆ ਹੈ ਕਿ ਉਕਤ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 21.11.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 4.12.2018 ਰਾਹੀਂ ਕਿ ਮੁੱਖ ਸੈਨੇਟਰੀ ਇੰਸਪੈਕਟਰ ਨੂੰ ਡੀਮਾਂਡ ਨਾ ਦੇਣ ਸਬੰਧੀ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਜਾਵੇ।ਮਾਨਯੋਗ ਮੇਅਰ ਜੀ ਨੇ ਮਿਤੀ 6.12.2018 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 221

ਵਿਸ਼ਾ:- Supply of 5 No. Tractor with Trolleys on hiring basis with 2 No. Labour for each Trolly for Health Branch for Jalandhar Cantt Constituency

ਕੰਮ ਦਾ ਤਖਮੀਨਾ ਰੁ: 44,26,532/-
ਸੋਧਿਆ ਤਖਮੀਨਾ ਰੁ: 55,26,500/-

ਪੜ੍ਹਿਆ ਨੋਟ ਚੀਫ ਸੈਨੇਟਰੀ ਇੰਸਪੈਕਟਰ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਜਿਸ ਨੂੰ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 58 ਮਿਤੀ 06-09-2017 ਰਾਹੀ ਪ੍ਰਵਾਨਗੀ ਦਿਤੀ। ਇਸ ਕੰਮ ਦੇ ਟੈਡਰ ਮਿਤੀ 01-11-2017 ਰਾਹੀ ਈ.ਟੈਡਰਿੰਗ ਰਾਹੀ ਮੰਗੇ ਗਏ ਤੇ ਸਭ ਤੋ ਘਟ ਰੇਟ ਟੈਡਰ ਗੁਰੂ ਨਾਨਕ ਕੋ ਅਪ ਐਲ ਸੀ ਸੋਸਾਇਟੀ ਦਾ ਪ੍ਰਾਪਤ ਹੋਇਆ। ਜਿਸ ਨੂੰ ਕਮਿਸ਼ਨਰ ਜੀ ਨੇ ਮਿਤੀ 06-11-2017 ਰਾਹੀ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: ਸੀਈ-29 ਮਿਤੀ 07-11-2017 ਰਾਹੀ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ 12 ਮਹੀਨੇ ਦਾ ਸਮਾਂ ਦਿਤਾ ਗਿਆ।

ਇਹ ਕੰਮ ਮੁਕੰਮਲ ਹੋਣ ਵਾਲਾ ਹੈ ਅਤੇ ਨਵਾਂ ਟੈਂਡਰ ਨਹੀਂ ਲਗਾਇਆ ਗਿਆ ਹੈ ਇਸ ਲਈ ਸ਼ਹਿਰ ਦੀ ਸਫਾਈ ਨੂੰ ਮੁੱਖ ਰਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਕੰਮ ਦਾ ਸੋਧਿਆ ਤਖਮੀਨਾ ਰੁ:55,26,500/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਤਖਮੀਨੇ ਤੋ 25% ਦੇ ਅੰਦਰ ਹੈ।ਇਸ ਲਈ ਉਕਤ ਕੇਸ ਵਿਚ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿਤੀ ਜਾਵੇ। ਜਿਸ ਤੇ ਹੈਲਥ ਅਫਸਰ ਨੇ ਮਿਤੀ 21.11.2018 ਰਾਹੀਂ ਲਿਖਿਆ ਹੈ ਕਿ ਉਕਤ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 21.11.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 4.12.2018 ਰਾਹੀਂ ਕਿ ਮੁੱਖ ਸੈਨੇਟਰੀ ਇੰਸਪੈਕਟਰ ਨੂੰ ਡੀਮਾਂਡ ਨਾ ਦੇਣ ਸਬੰਧੀ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਜਾਵੇ।ਮਾਨਯੋਗ ਮੇਅਰ ਜੀ ਨੇ ਮਿਤੀ 6.12.2018 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

ਮਤਾ ਨੰਬਰ: 222

ਵਿਸ਼ਾ:- Supply of 5 No. Tractor with Trolleys on hiring basis with 2 No. Labour for each Trolly for Health Branch for Jalandhar North Constituency

ਕੰਮ ਦਾ ਤਖਮੀਨਾ ਰੁ: 55,33,165/-
ਸੋਧਿਆ ਤਖਮੀਨਾ ਰੁ: 69,13,000/-

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਜਿਸ ਨੂੰ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 57 ਮਿਤੀ 06-09-2017 ਰਾਹੀ ਪ੍ਰਵਾਨਗੀ ਦਿਤੀ। ਇਸ ਕੰਮ ਦੇ ਟੈਡਰ ਮਿਤੀ 01-11-2017 ਰਾਹੀ ਈ.ਟੈਡਰਿੰਗ ਰਾਹੀ ਮੰਗੇ ਗਏ ਤੇ ਸਭ ਤੋਂ ਘਟ ਰੇਟ ਟੈਡਰ ਗੋਰਵ ਗੁਪਤਾ ਠੇਕੇਦਾਰ ਦਾ ਪ੍ਰਾਪਤ ਹੋਇਆ। ਜਿਸ ਨੂੰ ਕਮਿਸ਼ਨਰ ਜੀ ਨੇ ਮਿਤੀ 06-11-2017 ਰਾਹੀ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: ਸੀਈ-32 ਮਿਤੀ 07-11-2017 ਰਾਹੀ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ 12 ਮਹੀਨੇ ਦਾ ਸਮਾਂ ਦਿਤਾ ਗਿਆ।

ਇਹ ਕੰਮ ਮੁਕੰਮਲ ਹੋਣ ਵਾਲਾ ਹੈ ਅਤੇ ਨਵਾਂ ਟੈਂਡਰ ਨਹੀ ਲਗਾਇਆ ਗਿਆ ਹੈ ਇਸ ਲਈ ਸ਼ਹਿਰ ਦੀ ਸਫਾਈ ਨੂੰ ਮੁੱਖ ਰਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਹੈ।ਇਸ ਕੰਮ ਦਾ ਸੋਧਿਆ ਤਖਮੀਨਾ ਰੁ:69,13,000/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਤਖਮੀਨੇ ਤੋਂ 25% ਦੇ ਅੰਦਰ ਹੈ।ਇਸ ਲਈ ਉਕਤ ਕੇਸ ਵਿਚ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿਤੀ ਜਾਵੇ। ਜਿਸ ਤੇ ਹੈਲਥ ਅਫਸਰ ਨੇ ਮਿਤੀ 21.11.2018 ਰਾਹੀਂ ਲਿਖਿਆ ਹੈ ਕਿ ਉਕਤ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 21.11.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 4.12.2018 ਰਾਹੀਂ ਕਿ ਮੁੱਖ ਸੈਨੇਟਰੀ ਇੰਸਪੈਕਟਰ ਨੂੰ ਡੀਮਾਂਡ ਨਾ ਦੇਣ ਸਬੰਧੀ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਜਾਵੇ।ਮਾਨਯੋਗ ਮੇਅਰ ਜੀ ਨੇ ਮਿਤੀ 6.12.2018 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:223**

ਵਿਸ਼ਾ:- Supply of 5 No. Tractor with Trolleys on hiring basis with 2 No. Labour for each Trolly for Health Branch for Jalandhar Central Constituency

| | |
|---|---|
| ਕੰਮ ਦਾ ਤਖਮੀਨਾ ਰੁ: | 55,33,165/- |
| ਸੋਧਿਆ ਤਖਮੀਨਾ ਰੁ: | 69,13,000/- |

ਪੜ੍ਹਿਆ ਨੋਟ ਮੁੱਖ ਸੈਨੇਟਰੀ ਇੰਸਪੈਕਟਰ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਜਿਸ ਨੂੰ ਨਗਰ ਨਿਗਮ ਹਾਊਸ ਨੇ ਆਪਣੇ ਮਤਾ ਨੰ: 59 ਮਿਤੀ 06-09-2017 ਰਾਹੀ ਪ੍ਰਵਾਨਗੀ ਦਿਤੀ। ਇਸ ਕੰਮ ਦੇ ਟੈਡਰ ਮਿਤੀ 01-11-2017 ਰਾਹੀ ਈ.ਟੈਡਰਿੰਗ ਰਾਹੀ ਮੰਗੇ ਗਏ ਤੇ ਸਭ ਤੋਂ ਘਟ ਰੇਟ ਟੈਡਰ ਗੋਰਵ ਗੁਪਤਾ ਠੇਕੇਦਾਰ ਦਾ ਪ੍ਰਾਪਤ ਹੋਇਆ। ਜਿਸ ਨੂੰ ਕਮਿਸ਼ਨਰ ਜੀ ਨੇ ਮਿਤੀ 06-11-2017 ਰਾਹੀ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫਤਰ ਦੇ ਵਰਕ ਆਰਡਰ ਨੰ: ਸੀਈ-31 ਮਿਤੀ 07-11-2017 ਰਾਹੀ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ 12 ਮਹੀਨੇ ਦਾ ਸਮਾਂ ਦਿਤਾ ਗਿਆ।

ਇਹ ਕੰਮ ਮੁਕੰਮਲ ਹੋਣ ਵਾਲਾ ਹੈ ਅਤੇ ਨਵਾਂ ਟੈਂਡਰ ਨਹੀ ਲਗਾਇਆ ਗਿਆ ਹੈ ਇਸ ਲਈ ਸ਼ਹਿਰ ਦੀ ਸਫਾਈ ਨੂੰ ਮੁੱਖ ਰਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਤਿਆਰ ਕੀਤਾ ਗਿਆ ਹੈ।ਇਸ ਕੰਮ ਦਾ ਸੋਧਿਆ ਤਖਮੀਨਾ ਰੁ:69,13,000/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਤਖਮੀਨੇ ਤੋਂ 25% ਦੇ ਅੰਦਰ ਹੈ।ਇਸ ਲਈ ਉਕਤ ਕੇਸ ਵਿਚ ਵਿਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿਤੀ ਜਾਵੇ। ਜਿਸ ਤੇ ਹੈਲਥ ਅਫਸਰ ਨੇ ਮਿਤੀ 21.11.2018 ਰਾਹੀਂ ਲਿਖਿਆ ਹੈ ਕਿ ਉਕਤ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 21.11.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 4.12.2018 ਰਾਹੀਂ ਕਿ ਮੁੱਖ ਸੈਨੇਟਰੀ ਇੰਸਪੈਕਟਰ ਨੂੰ ਡੀਮਾਂਡ ਨਾ ਦੇਣ ਸਬੰਧੀ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤਾ ਜਾਵੇ।ਮਾਨਯੋਗ ਮੇਅਰ ਜੀ ਨੇ ਮਿਤੀ 6.12.2018 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.12.2018

**ਮਤਾ ਨੰਬਰ:** 224

Sub:- Regarding 15% enhancement of work of heavy earth moving machinery (Buldozer) working at Waryana Dump site.

ਪੜ੍ਹਿਆ ਨੋਟ ਸਿਹਤ ਅਫਸਰ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ M/s Daya Charan and company ਵਲੋ ਵਰਿਆਣਾ ਡੰਪ ਤੇ ਦੋ ਬੁਲਡੋਜ਼ਰ ਮਸ਼ੀਨਾਂ ਚੱਲ ਰਹੀਆ ਹਨ।ਜਿੰਨਾਂ ਦਾ ਕੰਮ ਮਿਤੀ 25-10-2018 ਨੂੰ ਖਤਮ ਹੋ ਚੁੱਕਾ ਹੈ ।ਇਸ ਸਬੰਧ ਵਿਚ ਕਮਿਸ਼ਨਰ ਜੀ ਵੱਲੋ ਮਿਤੀ 30-08-2018 ਨੂੰ ਨਗਰ ਨਿਗਮ ਹਾਊਸ ਵਾਸਤੇ ਪ੍ਰਵਾਨਗੀ ਲਈ ਲਿਖਿਆ ਗਿਆ ਸੀ। ਜਿਸ ਦੀ ਪ੍ਰਵਾਨਗੀ ਹਾਊਸ ਵਲੋ ਮਿਤੀ 18-10-2018 ਨੂੰ ਦਿੱਤੀ ਗਈ ਹੈ ਅਤੇ ਇਸ ਦੀ ਮੰਨਜੂਰੀ ਸਰਕਾਰ ਵਲੋ ਵੀ ਦਿੱਤੀ ਗਈ ਹੈ। ਕਿਉਕਿ ਸ਼ਹਿਰ ਦੀ ਸਾਂਭ ਸੰਭਾਲ ਲਈ ਇਹ ਕੰਮ ਅਤਿ ਜਰੂਰੀ ਹੈ ਅਤੇ ਇਸ ਮਸ਼ੀਨਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ ਅਤੇ ਇਸ ਦੇ ਟੈਡਰ ਪ੍ਰੋਸੈਸ ਨੂੰ ਵੀ ਸਮਾਂ ਲਗਣਾ ਹੈ।ਇਸ ਕਰਕੇ 10% ਕੰਮ ਦੇ ਵਾਧੇ ਦੀ ਮੰਨਜੂਰੀ ਕਮਿਸ਼ਨਰ ਜੀ ਵਲੋ ਲਈ ਗਈ ਸੀ।ਇਸ ਕੰਮ ਵਾਸਤੇ ਟੈਡਰ ਓ.ਐਡ.ਐਮ ਸੈਲ ਵਲੋ ਲਗਾਏ ਗਏ ਹਨ ਜਿਹੜੇ ਕਿ ਦਸੰਬਰ ਦੇ ਪਹਿਲੇ ਹਫਤੇ ਹੀ ਪੂਰਾ ਹੋ ਰਿਹਾ ਹੈ।ਵਰਿਆਣਾ ਡੰਪ ਉਪਰ ਡੋਜਰਾ ਦਾ ਚੱਲਣਾ ਅਤਿ ਜਰੂਰੀ ਹੈ। ਇਸ ਕਰਕੇ ਕੰਮ ਦੇ 15% ਦੇ ਵਾਧੇ ਮੰਨਜੂਰੀ F&CC ਵਲੋ ਦਿਤੀ ਜਾਂਦੀ ਹੈ ਤਾਂ ਉਸ ਦੋਰਾਨ ਟੈਡਰ ਪ੍ਰੋਸੈਸ ਪੂਰਾ ਕਰਕੇ ਰੂਲਾਂ ਅਤੇ ਹਦਾਇਤਾ ਅਨੁਸਾਰ ਲਗਾਏ ਗਏ ਟੈਂਡਰ ਅਨੁਸਾਰ ਵਰਕ ਆਰਡਰ ਦਿੱਤਾ ਜਾ ਸਕਦਾ ਹੈ।ਇਸ ਕਰਕੇ ਤਜਵੀਜ ਕੀਤੀ ਜਾਂਦੀ ਹੈ ਕਿ ਕੰਮ ਨੂੰ ਅਤਿ ਜਰੂਰੀ ਸਮਝਦੇ ਹੋਏ F&CC ਦੀ ਪੂਰਵ ਪ੍ਰਵਾਨਗੀ ਦੀ ਆਸ ਤੇ 15% ਦੇ ਵਾਧੇ ਨੂੰ ਮੰਨਜੂਰੀ ਦਿੱਤੀ ਜਾਵੇ।ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 26.11.2018 ਰਾਹੀਂ ਸਹਿਮਤੀ ਹਸਤਖਰ ਕੀਤੇ ਹਨ। ਕਮਿਸ਼ਨਰ ਜੀ ਵੱਲੋਂ ਮਿਤੀ: 4/12/18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮੇਅਰ ਜੀ ਦੇ ਹੁੱਕਮ ਮਿਤੀ:6.12.2018 ਅਨੁਸਾਰ ਤਜ਼ਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.12.2018

ਮਤਾ ਨੰਬਰ: 225

ਵਿਸ਼ਾ:- ਰੀ-ਡਿਵੈਲਪਮੈਂਟ ਆਫ ਪਾਰਕ ਐਟ ਸ਼ਾਂਤੀ ਵਿਹਾਰ।ਵਾਰਡ ਨੰ:39 (ਪੁਰਾਣਾ)(ਅਰਨਸਟਮਨੀ ਵਾਪਿਸ ਕਰਨ ਸਬੰਧੀ)

ਤਖਮੀਨਾ ਰੁ:22,93,000/-
ਸੋਧਿਆ ਤਖਮੀਨਾ ਰੁ:22,93,000/-
ਟੈਂਡਰ ਅਮਾਉਂਟ ਰੁ:22,87,422/-
ਸੇਵਿੰਗ:0.25%

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਰੁ: 22,93,000/- ਦਾ ਤਿਆਰ ਕੀਤਾ ਗਿਆ।ਜਿਸ ਨੂੰ ਨਗਰ ਨਿਗਮ ਹਾਊਸ ਨੇ ਮਤਾ ਨੰ:75(137), ਮਿਤੀ:15-07-10 ਰਾਹੀਂ ਪ੍ਰਵਾਨ ਕੀਤਾ।ਇਸ ਕੰਮ ਦੇ ਟੈਂਡਰ ਮਿਤੀ:16.06.11 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਕੇਵਲ ਇੱਕ ਟੈਂਡਰ ਦੀ ਆਦਿ ਕੋ-ਅਪ ਐਲ.ਸੀ ਸੋਸਾਇਟੀ ਦਾ ਪਾਇਆ ਗਿਆ।ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ:895, ਮਿਤੀ:11.07.2011 ਰਾਹੀਂ ਪ੍ਰਵਾਨ ਕੀਤਾ ਗਿਆ ਹੈ। ਇਹ ਕੰਮ ਨਗਰ ਨਿਗਮ ਦੇ ਵਰਕ ਆਰਡਰ ਨੰ:**CE-I/H/142**, ਮਿਤੀ:28/07/11 ਰਾਹੀਂ ਆਦਿ ਕੋ-ਅਪ ਐਲ.ਸੀ ਸੋਸਾਇਟੀ ਨੂੰ ਅਲਾਟ ਕੀਤਾ ਗਿਆ ਸੀ।ਕਾਰਜਕਾਰੀ ਇੰਜੀਨਿਅਰ (ਬੀ.ਐਂਡ.ਆਰ) 1,2,3,4,5 ਕਿ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ:07.10.2014 ਵਿੱਚ ਵਿਚਾਰਣ ਉਪਰੰਤ ਫੈਸਲਾ ਲਿਆ ਗਿਆ ਸੀ ਕਿ ਮਿਤੀ:01.01.2013 ਤੋਂ ਪਹਿਲਾਂ ਦੇ ਜਿੰਨੇ ਵੀ ਵਰਕ ਆਰਡਰ ਕੀਤੇ ਗਏ ਹਨ, ਭਾਂਵੇਂ ਉਹ ਕੰਮ ਮੌਕੇ ਤੇ ਸ਼ੁਰੂ ਹੋਏ ਹਨ ਜਾਂ ਨਹੀਂ ਸਬੰਧੀ ਸੂਚੀਆਂ ਬਣਾ ਕੇ ਨਗਰ ਨਿਗਮ ਹਾਉਸ ਨੂੰ ਰੱਦ ਕਰਨ ਦੀ ਤਜਵੀਜ ਤਿਆਰ ਕੀਤੀ ਜਾਵੇ।ਮਤਾ ਨੰ:192, ਮਿਤੀ:04.11.2014 ਰਾਹੀਂ ਇਹ ਫੈਸਲਾ ਲਿਆ ਗਿਆ ਕਿ ਫੰਡਾਂ ਦੀ ਕਮੀ ਕਾਰਣ ਇਹ ਕੰਮ ਰੱਦ ਕੀਤਾ ਜਾਵੇ।ਇਸ ਲਈ ਠੇਕੇਦਾਰ ਵੱਲੋਂ ਮੰਗ ਕੀਤੀ ਹੈ ਕਿ ਮੇਰੀ ਬਣਦੀ ਅਰਨਸਟਮਨੀ ਵਾਪਿਸ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਕਾਰਜਕਾਰੀ ਇੰਜੀਨਿਅਰ (ਬੀ.ਐਂਡ.ਆਰ) ਮਿਤੀ:06.08.18 ਰਾਹੀਂ ਬਣਦੀ ਅਰਨਸਟਮਨੀ ਵਾਪਿਸ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਕਰਨ ਲਈ ਲਿਖਿਆ ਹੈ, ਜਿਸ ਤੇ ਨਿਗਰਾਨ ਇੰਜੀਨਿਅਰ (ਬੀ.ਐਂਡ.ਆਰ) ਵੱਲੋਂ ਮਿਤੀ:11/09/18 ਰਾਹੀਂ ਵਿਚਾਰਣ ਅਤੇ ਫੈਸਲੇ ਲਈ ਲਿਖਿਆ ਹੈ।ਜਿਸ ਤੇ ਸੰਯੁਕਤ ਕਮਿਸ਼ਨਰ ਜੀ ਵੱਲੋਂ ਮਿਤੀ:25/09/18 ਰਾਹੀਂ ਸਹਿਮਤੀ ਦਿੱਤੀ ਗਈ ਹੈ ਅਤੇ ਵਧੀਕ ਕਮਿਸ਼ਨਰ ਜੀ ਵੱਲੋਂ ਵੀ ਮਿਤੀ:01/10/18 ਰਾਹੀਂ ਆਪਣੀ ਸਹਿਮਤੀ ਦਿੱਤੀ ਗਈ ਹੈ। ਕਮਿਸ਼ਨਰ ਜੀ ਵੱਲੋਂ ਮਿਤੀ: 16/10/18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮ ਮਿਤੀ:30.10.2018 ਅਨੁਸਾਰ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ :
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 226**

ਵਿਸ਼ਾ :- ਰਿਪੇਅਰ ਰੈਨੋਵੇਸ਼ਨ ਐਂਡ ਪ੍ਰੋਵਾਇਡਿੰਗ ਵਿਟਰੀਫਾਈਡ ਫਾਇਲ ਫਲੋਰਿੰਗ ਐਟ ਓਲਡ ਇੰਜੀਨੀਅਰਿੰਗ ਬਿਲਡਿੰਗ ਕੰਪਨੀ ਬਾਗ, ਜਲੰਧਰ (ਸਾਈਟ ਚੇਂਜ ਕਰਨ ਸਬੰਧੀ)।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋ ਰੁਪਏ, 16,60,000/- ਲੱਖ ਦਾ ਤਿਆਰ ਕੀਤਾ ਗਿਆ ਹੈ, ਜਿਸ ਨੂੰ ਨਗਰ ਨਿਗਮ, ਹਾਊਸ ਦੇ ਮਤਾ ਨੰ : 78 (64) ਮਿਤੀ : 01.02.2016 ਰਾਹੀ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਦਾ ਟੈਂਡਰ ਮਿਤੀ : 18.08.2016 ਨੂੰ ਈ.ਟੈਂਡਰਿੰਗ ਰਾਹੀ ਮੰਗੇ ਗਏ। ਕੇਵਲ ਇੱਕ ਟੈਂਡਰ ਦੀ ਦਕੋਹਾ ਕੋ: ਅਪ ਐਲ.ਸੀ. ਸੋਸਾਇਟੀ ਅਜੰਸੀ ਦਾ ਪਾਇਆ ਗਿਆ। ਇਹ ਕੰਮ ਠੇਕੇਦਾਰ ਵੱਲੋ ਪੁਰਾਣੀ ਬਿਲਡਿੰਗ ਵਿੱਚ ਕੀਤਾ ਜਾਣਾ ਸੀ, ਪ੍ਰੰਤੂ ਪੁਰਾਣੀ ਬਿਲਡਿੰਗ ਦਾ ਕੰਮ ਸ਼੍ਰੀ ਰਾਜੇਸ਼ ਬੰਸਲ ਠੇਕੇਦਾਰ ਵੱਲੋ ਡਾਇਰੀ ਕੰਪਲੈਕਸ ਦੇ ਬੱਚਦੇ ਰੁਪਇਆ ਵਿੱਚੋ ਨਗਰ ਨਿਗਮ, ਵੱਲੋ ਕਰਵਾ ਲਿਆ ਗਿਆ ਹੈ। ਇੱਥੇ ਇਹ ਦੱਸਣਯੋਗ ਹੈ ਕਿ ਨਵੀਂ ਬਿਲਡਿੰਗ ਵਿੱਚ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਦਫ਼ਤਰ ਦੇ ਹੋਰ ਅਧਿਕਾਰੀਆਂ/ ਕਰਮਚਾਰੀਆਂ ਨੇ ਲਿੱਖਕੇ ਦੇ ਦਿੱਤਾ ਹੈ ਕਿ ਉਹਨਾਂ ਦੇ ਕਮਰਿਆ ਵਿੱਚ ਪਲਾਸਟਿਕ ਪੈਨਲ ਅਤੇ ਹੋਰ ਰੈਨੋਵੇਸ਼ਨ ਦਾ ਕੰਮ ਹੋਣ ਵਾਲਾ ਹੈ ਅਤੇ ਇਹ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ। ਇਸ ਸਬੰਧੀ ਰੀਕੁਆਰਇਮੈਂਟਾ ਫਾਇਲ ਵਿੱਚ ਨੱਥੀ ਹਨ।

ਇਸ ਲਈ ਉਪਰੋਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੀ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵੱਲੋ ਲੋੜੀਂਦੀ ਹੈ। ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ।ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਉਕਤ ਤਜਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਿਸ਼ ਕੀਤੀ ਹੈ ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ : 21.09.2018 ਨੂੰ ਸਹਿਮਤੀ ਪ੍ਰਗਟਾਈ ਹੈ। ਮਾਣਯੋਗ ਮੇਅਰ ਜੀ ਨੇ ਮਿਤੀ : 24.09.2018 ਰਾਹੀ ਹਦਾਇਤ ਕੀਤੀ ਕਿ ਕਿਉਂ ਜ਼ੋ ਕੰਮ ਦੇ ਸਕੋਪ ਨੂੰ ਪੂਰੀ ਤਰ੍ਹਾ ਬਦਲਿਆ ਗਿਆ ਹੈ। ਇਸ ਲਈ ਇਸਦਾ ਵੱਖਰਾ ਤਖਮੀਨਾਂ ਤਿਆਰ ਕੀਤਾ ਜਾਵੇ। ਜਿਸ ਤੇ ਕਾਰਜਕਾਰੀ ਇੰਜੀਨੀਅਰ ਨੇ ਮਿਤੀ : 23.10.18 ਰਾਹੀ ਲਿਖਿਆ ਹੈ, ਕਿ ਇਸ ਕੰਮ ਦਾ ਸਕੋਪ ਆਫ ਵਰਕ ਪੂਰੀ ਤਰ੍ਹਾਂ ਨਹੀਂ ਬਦਲਿਆ ਗਿਆ ਹੈ। ਪ੍ਰੰਤੂ ਸਾਈਟ ਬਦਲੀ ਕੀਤੀ ਗਈ ਹੈ ਕਿਉਂਕਿ ਇਹ ਤਖਮੀਨਾਂ ਪੁਰਾਣੀ ਬਿਲਡਿੰਗ ਦਾ ਸੀ, ਜਿਸਨੂੰ ਕਿਸੇ ਹੋਰ ਅਜੰਸੀ ਵੱਲੋ ਕੀਤਾ ਗਿਆ ਹੈ। ਹੁਣ ਇਹ ਤਖਮੀਨਾਂ ਨਗਰ ਨਿਗਮ ਦੀ ਨਵੀਂ ਬਿਲਡਿੰਗ ਦੀ ਮੈਂਟੀਨੈਂਸ ਵਰਕ ਲਈ 16.60 ਲੱਖ ਦਾ ਤਿਆਰ ਕੀਤਾ ਗਿਆ ਹੈ ਅਤੇ ਸੋਧਿਆ ਤਖਮੀਨਾਂ ਸੀ.ਐਸ.ਆਰ ਅਤੇ ਅੱਪਰੂਵਡ ਅਨੈਲਸਸ ਲਈ ਤਿਆਰ ਕੀਤਾ ਗਿਆ ਹੈ। ਜਿਸ ਤੇ ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਮਿਤੀ : 25.10.2018 ਰਾਹੀ ਸਿਫਾਰਿਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:30.10.2018 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮ ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ :

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.12.2018

**ਮਤਾ ਨੰਬਰ: 227**

ਵਿਸ਼ਾ:- ਰਿਪੇਅਰ ਐਂਡ ਰੈਨੋਵੇਸ਼ਨ ਆਫ ਕਾਰਪੋਰੇਸ਼ਨ ਹਾਊਸ:2, ਮਾਡਲ ਟਾਊਨ, ਜਲੰਧਰ।(ਸਕਿਉਰਟੀ ਦੀ ਅਦਾਇਗੀ ਕਰਨ ਬਾਰੇ)

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਵਰਕ ਆਰਡਰ ਨੰ:ਸੀ.ਈ11/1016 ਮਿਤੀ: 03.10.2017 ਰਾਹੀਂ ਦੀ ਸੂਰਜ ਕੋ ਅਪ੍ਰੇਟਿਵ ਐਲ.ਸੀ. ਸੋਸਾਇਟੀ ਨੂੰ ਜਾਰੀ ਕੀਤਾ ਗਿਆ ਸੀ ਅਤੇ ਸੋਸਾਇਟੀ ਨੂੰ ਕੰਮ ਪੂਰਾ ਕਰਨ ਦੇ ਲਈ 2 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ, ਮੌਕੇ ਤੇ ਸੋਸਾਇਟੀ ਵੱਲੋਂ ਅੰਦਰ ਮਿਆਂਦ ਕੰਮ ਪੂਰਾ ਕਰ ਦਿੱਤਾ ਗਿਆ ਸੀ।ਸੁਸਾਇਟੀ ਦੀ ਸਕਿਉਰਟੀ 10% ਦੇ ਹਿਸਾਬ ਨਾਲ ਰੁ:48,525/- ਕੱਟੀ ਗਈ ਸੀ।ਹੁਣ ਠੇਕੇਦਾਰ ਵੱਲੋਂ ਆਪਣੀ ਆਰਜ਼ੀ ਰਾਹੀਂ ਲਿਖ ਕੇ ਦਿੱਤਾ ਹੈ ਕਿ ਉਕਤ ਕੰਮ ਮੁਕਮੰਲ ਕੀਤੇ ਨੂੰ ਇੱਕ ਸਾਲ ਤੋਂ ਜਿਆਦਾ ਦਾ ਸਮਾਂ ਹੋ ਗਿਆ ਹੈ।ਇਸ ਲਈ ਮੇਰੀ ਸਕਿਉਰਟੀ ਰਿਫੰਡ ਕੀਤੀ ਜਾਵੇ।

ਮੌਕੇ ਤੇ ਭਾਗ ਅਫ਼ਸਰ ਵੱਲੋਂ ਕੰਮ ਦੀ ਪੜਤਾਲ ਕੀਤੀ ਗਈ ਤੇ ਕੰਮ ਪੂਰਾ ਹੋਣ ਦੇ ਇੱਕ ਸਾਲ ਬਾਅਦ ਕੀਤੇ ਗਏ ਕੰਮ ਵਿੱਚ ਕੋਈ ਨੁਕਸ ਨਹੀਂ ਪਾਇਆ ਅਤੇ ਕੰਮ ਤਖਮੀਨੇ ਦੀਆਂ ਸਪੈਸੀਫਿਕੈਸ਼ਨਾਂ ਅਨੁਸਾਰ ਕੀਤਾ ਗਿਆ ਹੈ।ਇਸ ਨਾਲ ਸਹਾਇਕ ਇੰਜੀਨੀਅਰ ਨੇ ਵੀ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ।ਨਿਮਨ ਹਸਤਾਖਰ ਵੱਲੋਂ ਵੀ ਮੌਕੇ ਤੇ ਆਖਰੀ ਬਾਰ ਕੰਮ ਦੀ ਪਤੜਾਲ ਕੀਤੀ ਗਈ ਹੈ ਅਤੇ ਕੰਮ ਤਖਮੀਨੇ ਦੀਆਂ ਸਪੈਸੀਫਿਕੈਸ਼ਨਾਂ ਅਨੁਸਾਰ ਕੀਤਾ ਗਿਆ ਹੈ।ਇਸ ਲਈ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਸੋਸਾਇਟੀ ਨੂੰ ਰੁ:48,525/- ਅਦਾਇਗੀ ਵਾਪਿਸ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਮਿਤੀ 22.10.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ । ਇਸ ਨਾਲ ਸੰਯੁਕਤ ਕਮਿਸ਼ਨਰ (ਏ) ਅਤੇ ਵਧੀਕ ਕਮਿਸ਼ਨਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 5.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.12.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 228

ਵਿਸ਼ਾ:- ਵੱਖ-ਵੱਖ ਕੋ-ਅਪ ਐਲ/ਸੀ ਸੁਸਾਇਟੀਆਂ ਵੱਲੋਂ ਦਿੱਤੀ ਗਈ ਮਿਤੀ 14-11-2018 ਨੂੰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੀ ਗਈ ਸ਼ਿਕਾਇਤ ਦੇ ਸਬੰਧ ਵਿੱਚ।

ਪੜਿਆ ਨੋਟ ਇੰਜੀਨਿਅਰਿੰਗ ਸ਼ਾਖਾ ਕਿ ਉਪਰੋਕਤ ਵਿਸ਼ੇ ਸਬੰਧੀ ਠੇਕੇਦਾਰ ਅੰਜਸੀਆਂ/ਸੁਸਾਇਟੀਆਂ ਵੱਲੋ ਹੇਠ ਲਿਖੇ ਕੰਮਾਂ ਸਬੰਧੀ ਕੀਤੀ ਗਈ ਸ਼ਿਕਾਇਤ ਬਾਰੇ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਕੰਮਾਂ ਸਬੰਧੀ ਪਹਿਲਾਂ ਆਏ ਟੈਂਡਰਾਂ ਵਿੱਚ ਮਿਤੀ 20-01-2018 ਨੂੰ ਵੱਲੋਂ ਕਰਨ ਲਈ 30.31% ਸੇਵਿੰਗ ਓਫਰ ਕੀਤੀ ਗਈ ਸੀ, ਪ੍ਰੰਤੂ ਇਸ ਕੰਮ ਦੇ ਕੇਵਲ 2 ਟੈਂਡਰ ਹੀ ਵੈਲਿਡ ਪਾਏ ਗਏ ਇਸ ਲਈ ਇਹ ਟੈਂਡਰ ਰੀ-ਕਾਲ ਕੀਤੇ ਗਏ।

Const. of 60mm thick tiles in streets of B.T. Colony.
Const. of flooring & shed work of Danishmanda Shamshan Ghat.
P/L of Interlockings tiles 60mm in the streets of adj. area of Koy Bazar Neel Kanth Mandir.
P/L of 60mm thick interlocking tiles in areas of Mochi moh. Backside of Gurdwara 6vi Patshahi and Banian Moh. (Est. Amt.- Rs. 31.91 Lacs)
Const. of Concrete streets at Chohar Bagh & Riazpura Ward No. 30 ( Rs. 32.90lac)
Const. of steets in area of Paragpur Ward No. 12
Const. of steets & Drain in Ward No. 11 (Rs. 33.60 Lacs)

ਇਹ ਟੈਂਡਰ ਮੁੜ ਤੀਸਰੀ ਵਾਰ ਮਿਤੀ 09-08-2018 ਨੂੰ ਮੰਗੇ ਗਏ ਸੀ ਅਤੇ ਸਰਕਾਰ ਕੀਆਂ ਹਦਾਇਤਾਂ ਅਨੁਸਾਰ ਤੀਸਰੇ ਵਾਰ ਆਏ ਸਿੰਗਲ ਟੈਂਡਰ ਦਾ ਕੇਸ ਨੈਗੋਸ਼ੇਸ਼ਨ ਉਪਰੰਤ 15% ਸੇਵਿੰਗ ਤੇ ਵਿੱਤ ਅਤੇ ਠੇਕਾ ਕਮੇਟੀ ਦੇ ਸਮੁੱਖ ਵਿਚਾਰ ਹਿੱਤ ਭੇਜਿਆ ਗਿਆ ਸੀ। ਮਾਨਯੋਗ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 199, 200 ਅਤੇ 201 ਮਿਤੀ 03-11-2018 ਰਾਹੀਂ ਵਿਚਾਰਣ ਉਪਰੰਤ ਇਹ ਕੰਮ The Tejmohan nagar Co-op L/C Soc. ਨੂੰ (-)15.00% ਸੇਵਿੰਗ ਤੇ ਦੇਣ ਦੀ ਪ੍ਰਵਾਨਗੀ ਦਿੱਤੀ ਹੈ।ਇਹ ਕੰਮ ਪੀ.ਆਈ.ਡੀ.ਬੀ ਗ੍ਰਾਂਟ ਤਹਿਤ ਕਰਵਾਏ ਜਾਣੇ ਹਨ ਅਤੇ ਅਤੀ ਜਰੂਰੀ ਹਨ। ਠੇਕੇਦਾਰ ਅੰਜਸੀਆਂ /ਸੁਸਾਇਟੀਆਂ ਵੱਲੋ ਹਵਾਲੇ ਅਧੀਨ ਪੱਤਰ ਰਾਹੀਂ ਆਈ ਸ਼ਿਕਾਇਤ ਆਉਣ ਉਪਰੰਤ ਮਾਨਯੋਗ ਮੇਅਰ ਸਾਹਿਬ ਵੱਲੋ ਇਨ੍ਹਾਂ ਕੰਮਾਂ ਦੇ ਵਰਕ ਆਰਡਰ ਹਾਲ ਦੀ ਘੜੀ ਜਾਰੀ ਨਾ ਕਰਨ ਦੇ ਜੁਬਾਨੀ ਆਦੇਸ਼ ਦਿੱਤੇ ਹਨ।

ਇੱਥੇ ਇਹ ਦਸੱਣਾ ਵਾਜਬ ਹੋਵੇਗਾ ਕਿ ਟੈਂਡਰ ਦੀ ਸ਼ਰਤ ਨੰ:8 ਅਨੁਸਾਰ ਟੈਂਡਰ ਦੀ ਵੈਦਤਾ (ਵੈਲੀਡਿਟੀ) 120 ਦਿਨ ਹੁੰਦੀ ਹੈ ਜ਼ੋ ਕਿ ਮਿਤੀ 08-12-2018 ਨੂੰ ਪੂਰੀ ਹੋਣ ਜਾ ਰਹੀ ਹੈ ਅਤੇ ਜੇਕਰ ਇਸ ਦਾ ਵਰਕ ਆਰਡਰ ਸਮੇਂ ਸਿਰ ਨਹੀ ਕੀਤਾ ਜਾਂਦਾ ਤਾਂ ਠੇਕੇਦਾਰ ਅਜੰਸੀ 120 ਦਿਨ੍ਹਾਂ ਤੋ ਬਾਅਦ ਇਹ ਕੰਮ ਕਰਨ ਲਈ ਪਾਬੰਦ ਨਹੀਂ ਰਹਿ ਜਾਂਦੀ।

ਉਪਰੋਕਤ ਤੋ ਇਲਾਵਾ ਇੱਥੇ ਇਹ ਦੱਸਣਾ ਵੀ ਯੋਗ ਹੋਵੇਗਾ ਹੈ ਕਿ ਈ-ਟੈਂਡਰ ਇੱਕ ਖੁੱਲੀ ਪ੍ਰਕਿਰਿਆ ਹੈ ਜਿਸ ਵਿੱਚ ਪੂਰੇ ਭਾਰਤ ਭਰ ਵਿੱਚੋਂ ਕੋਈ ਵੀ ਠੇਕੇਦਾਰ ਹਿੱਸਾ ਲੈ ਸਕਦਾ ਹੈ। ਇੱਕ ਟੈਂਡਰ ਖੋਲਣ ਉਪਰਾਂਤ ਸਮਰੱਥ ਅਧਿਕਾਰੀ/ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪ੍ਰਵਾਨ ਹੋਣ ਤੋ ਬਾਅਦ ਜੇਕਰ ਕੋਈ ਏਜੰਸੀ ਘੱਟ ਰੇਟ ਆਫਰ ਕਰਦੀ ਹੈ ਤਾਂ ਇਹ ਵਾਜਿਬ ਨਹੀ ਜਾਪਦਾ, ਜ਼ੋ ਕਿ ਸ਼ਿਕਾਇਤ ਕਰਤਾਵਾਂ ਵੱਲੋ ਆਪਣੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਹੇਠ ਲਿਖੇ ਸੁਝਾਵ ਦਿੱਤੇ ਜਾਦੇ ਹਨ:-

1) ਟੈਂਡਰ ਦੀ ਕੰਡੀਸ਼ਨ ਨੰ: 8 ਅਨੁਸਾਰ ਕਿਸੇ ਵੀ ਟੈਂਡਰ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਕਮਿਸ਼ਨਰ, ਨਗਰ ਨਿਗਮ, ਜਲੰਧਰ ਪਾਸ ਹੈ ਇਸ ਸਬੰਧੀ ਵਿਚਾਰ ਕੀਤਾ ਜਾ ਸਕਦਾ ਹੈ। ਜਾਂ
2) ਉਕਤ ਤੱਥਾਂ ਅਨੁਸਾਰ ਜੇਕਰ ਮਾਨਯੋਗ ਮੇਅਰ ਸਾਹਿਬ ਵਾਜਬ ਸਮਝਣ ਤਾਂ ਇਹ ਕੇਸ ਮੁੜ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰਣ ਹਿੱਤ ਭੇਜਿਆ ਜਾ ਸਕਦਾ ਹੈ ਅਤੇ ਸਬੰਧਤ ਸੁਸਾਇਟੀ ਨੂੰ ਕਮੇਟੀ ਸਮੁੱਖ 30.31% ਸੇਵਿੰਗ ਦੇਣ ਲਈ ਸਹਿਮਤੀ ਦੇਣ ਲਈ ਕਿਹਾ ਜਾ ਸਕਦਾ ਹੈ। ਜਾਂ
3) ਉਕਤ ਕੰਮਾਂ ਦੇ ਵਰਕ ਆਰਡਰ ਜਾਰੀ ਕਰਨ ਅਤੇ ਸ਼ਿਕਾਇਤ ਦਾਖਲ ਦਫਤਰ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਲੋਕ ਹਿੱਤ ਵਿੱਚ ਇਨ੍ਹਾਂ ਕੰਮਾਂ ਨੂੰ ਜਲਦੀ ਨੇਪਰੇ ਚਾੜਿਆ ਜਾ ਸਕੇ।

ਉਪਰੋਕਤ ਰਿਪੋਰਟ ਆਪ ਜੀ ਦੀ ਜਾਣਕਾਰੀ ਅਤੇ ਯੋਗ ਨਿਰਦੇਸ਼ਾਂ ਹਿੱਤ ਪੇਸ਼ ਹੈ ਜੀ।ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਂਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ / ਏਜੰਸੀ 30.31% ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ। ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।ਇਸ ਮੱਦ ਸਬੰਧੀ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਵਲੋਂ ਅਸਹਿਮਤੀ ਪ੍ਰਗਟਾਈ ਗਈ ਅਤੇ ਕਿਹਾ ਕਿ ਜੱਦ ਇੱਕ ਵਾਰ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਲੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ ਤਾਂ ਹੁਣ ਦੋਬਾਰਾ ਵਿਚਾਰਣਾ ਰੂਲਾਂ ਦੇ ਵਿਰੁੱਧ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 229

ਵਿਸ਼ਾ:- ਨਗਰ ਨਿਗਮ, ਜਲੰਧਰ ਦੀ ਹੱਦ ਦੇ ਅੰਦਰ ਅਵਾਰਾ ਪਸ਼ੂਆ ਦੇ ਸਬੰਧ ਵਿੱਚ।

ਪੜਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਦਾ ਹੈ ਕਿ ਨਗਰ ਨਿਗਮ ਦੀ ਹੱਦ ਦੇ ਅੰਦਰ ਆਉਦੇ ਅਵਾਰਾ ਪਸ਼ੂਆ ਦੀ ਸੱਮਸਿਆ ਦਿਨ ਪ੍ਰਤੀਦਿਨ ਵੱਧ ਰਹੀ ਹੈ। ਇਸ ਨੂੰ ਖਤਮ ਕਰਨਾ ਅਤੀ ਜਰੂਰੀ ਹੈ।ਇਸ ਵਾਸਤੇ NGO ਪਿੰਜਰਾਪੋਲ ਵੱਲੋ ਚਲਾਈ ਜਾ ਰਹੀ ਗਊਸ਼ਾਲਾ ਵਿਖੇ ਜਗ੍ਹਾਂ ਤੋ ਵੱਧ ਪਸ਼ੂ ਰੱਖੇ ਗਏ ਹਨ।ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋ ਇਕ ਗਊ ਸ਼ਾਲਾ ਕੰਨਿਆਵਾਲੀ ਤਹਿਸੀਲ ਸ਼ਾਹਕੋਟ ਵਿਖੇ ਸ਼ੁਰੂ ਕੀਤੀ ਗਈ ਹੈ ਅਤੇ ਇਸ ਗਊ ਸ਼ਾਲਾ ਵਿਖੇ ਨਗਰ ਨਿਗਮ ਵੱਲੋ ਅਵਾਰਾ ਪਸ਼ੂ ਭੇਜੇ ਜਾ ਸਕਦੇ ਹਨ।ਇਸ ਤਰ੍ਹਾਂ ਮਾਨਯੋਗ ਮੇਅਰ ਜੀ ਵੱਲੋ ਨਿਜੀ ਤੌਰ ਤੇ ਅਤੇ ਮਾਨਯੋਗ ਕਮਿਸ਼ਨਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੰਯੁਕਤ ਕਮਿਸ਼ਨਰ ਜੀ ਵੱਲੋ ਇਕ ਗਊ ਸ਼ਾਲਾ (ਸੰਤਮਹੇਸ਼ ਮੂਨੀ ਜੀ ਮਹਾਰਾਜ ਬੋਰੇ ਵਾਲੇ ਕਮੇਟੀ ਰਜਿ:) ਵੀਰ ਸਿੱਖਵਾਲਾ ਜਿਲਾਂ ਫਰੀਦਕੋਟ ਵਿਖੇ ਦੌਰਾ ਕੀਤਾ ਗਿਆ।ਉਸ ਜਗਾਂ ਦੇ ਪ੍ਰਬੰਧਕਾ ਵੱਲੋ 1500 ਪਸ਼ੂ ਇਸ ਜਗਾਂ ਤੇ ਰੱਖਣ ਲਈ ਸਹਿਮਤੀ ਦਿੱਤੀ ਗਈ ਹੈ। ਇਸ ਲਈ ਰੁਪਏ 32/- ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਖਰਚਾ ਦਿੱਤਾ ਜਾਣਾ ਹੈ।ਇਸ ਖ਼ਰਚ ਸਬੰਧੀ ਮਾਨਯੋਗ ਮੇਅਰ ਜੀ ਵਲੋਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਗਈ ਹੈ ।

ਸ਼ਹਿਰ ਦੇ ਅਵਾਰਾ ਪਸ਼ੂਆ ਨੂੰ ਸ਼ਾਹਕੋਟ ਅਤੇ ਫਰੀਦਕੋਟ ਵਿਖੇ ਭੇਜਣ ਲਈ ਉਪਰੋਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।ਜਿੰਨੇ ਵੀ ਆਵਾਰਾ ਪਸ਼ੂ ਇਹਨਾਂ ਗੋਸ਼ਾਲਾਵਾਂ ਵਿੱਚ ਭੇਜੇ ਜਾਣਗੇ ਉਸੇ ਅਨੁਸਾਰ 32/- ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਇਸ ਸਬੰਧੀ ਨਗਰ ਨਿਗਮ ਵਲੋਂ ਕੀਤੇ ਜਾਣ ਵਾਲੇ ਐਮ.ਓ.ਯੂ. ਤੇ ਹਸਤਾਖ਼ਰ ਕਰਨ ਲਈ ਸ੍ਰੀ ਰਾਜੀਵ ਵਰਮਾ, ਪੀ.ਸੀ.ਐਸ., ਸੰਯੁਕਤ ਕਮਿਸ਼ਨਰ, ਨਗਰ ਨਿਗਮ ਜਲੰਧਰ ਨੂੰ ਅਧਿਕਾਰਤ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੇ ਆਦੇਸ਼ ਨਾਲ ਮੱਦ ਨੰ: 230 ਤੋਂ 231 ਰੈਗੁਲਰ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ: 230**

ਵਿਸ਼ਾ :- ਹਾਰਟੀਕਲਚਰ ਸ਼ਾਖਾ ਲਈ ਆਊਟ ਸੋਰਸ ਤੇ ਲੇਬਰ ਕਿਰਾਏ ਤੇ ਲੈਣ ਸਬੰਧੀ।(ਤਖ਼ਮੀਨਾ ਸੋਧਣ ਬਾਰੇ)

ਕੰਮ ਦਾ ਤਖਮੀਨਾਂ ਰੁ: 73,30,165/-
ਸੋਧਿਆ ਤਖਮੀਨਾਂ ਰੁ: 91,62,000/-

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬਾਗਬਾਨੀ) ਮਿਤੀ 11.12.2018 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾਂ ਬੀ.ਐਂਡ.ਆਰ ਸ਼ਾਖਾ ਵੱਲੋ ਤਿਆਰ ਕੀਤਾ ਗਿਆ ਹੈ ਜਿਸ ਨੂੰ ਨਗਰ ਨਿਗਮ, ਹਾਉਸ ਨੇ ਆਪਣੇ ਮਤਾ ਨੰ: 65 ਮਿਤੀ : 6-9-2017 ਰਾਹੀ ਪ੍ਰਵਾਨਗੀ ਦਿੱਤੀ ਸੀ। ਇਸ ਕੰਮ ਦੇ ਟੈਂਡਰ ਮਿਤੀ : 13.10.2017 ਰਾਹੀ ਈ.ਟੈਂਡਰਿੰਗ ਰਾਹੀ ਮੰਗੇਂ ਗਏ ਤੇ ਸਭ ਤੋਂ ਘੱਟ ਰੇਟ ਟੈਂਡਰ ਗੋਰਵ ਗੁਪਤਾ ਠੇਕੇਦਾਰ ਦਾ ਪ੍ਰਾਪਤ ਹੋਇਆ। ਜਿਸ ਨੂੰ ਕਮਿਸ਼ਨਰ ਜੀ ਨੇ ਆਪਣੇ ਮਤਾ ਨੰ : 37 ਮਿਤੀ : 29-11-2017 ਰਾਹੀ ਪ੍ਰਵਾਨ ਕੀਤਾ। ਜਿਸ ਉਪਰੰਤ ਠੇਕੇਦਾਰ ਨੂੰ ਇਸ ਦਫ਼ਤਰ ਦੇ ਵਰਕ ਆਰਡਰ ਨੰ:ਜੀ33/ਸੀਈ/ਬੀਐਂਡਆਰ/-13 ਮਿਤੀ : 20.11.2017 ਰਾਹੀ ਇਕਰਾਰਨਾਮਾ ਕਰਨ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ।

ਇੱਥੇ ਇਹ ਦੱਸਣਯੋਗ ਹੈ ਕਿ ਬਾਗਬਾਨੀ ਸ਼ਾਖਾ ਵਿੱਚ ਲੇਬਰ ਦੀ ਕਾਫ਼ੀ ਘਾਟ ਹੈ ਅਤੇ ਨਾਲ ਹੀ ਕੰਪਨੀ ਬਾਗ ਦੇ ਸਾਂਭ ਸੰਭਾਲ ਦਾ ਕੰਮ ਜੋ ਪਹਿਲਾ ਠੇਕੇਦਾਰ ਵੱਲੋ ਕੀਤਾ ਜਾ ਰਿਹਾ ਸੀ, ਪਰ ਹੁਣ ਇਹ ਕੰਮ ਬਾਗਵਾਨੀ ਸ਼ਾਖਾ ਵੱਲੋ ਇਸੇ ਲੇਬਰ ਨਾਲ ਹੀ ਕਰਵਾਇਆ ਜਾ ਰਿਹਾ ਹੈ ਕਿਉਂ ਕਿ ਕੰਪਨੀ ਬਾਗ ਦੇ ਕੰਮ ਦੇ ਦੁਬਾਰਾ ਟੈਂਡਰ ਨਹੀਂ ਲਗਾਏ ਗਏ, ਪਰ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ।ਇਸ ਲਈ ਉਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾਂ ਰੁ: 91,62,000/- ਦਾ ਤਿਆਰ ਕੀਤਾ ਗਿਆ ਹੈ, ਜ਼ੋ ਕਿ ਅਸਲ ਤਖਮੀਨੇ ਤੋਂ 25% ਦੇ ਅੰਦਰ-2 ਹੈ।ਇਸ ਲਈ ਉਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਮਿਤੀ 13.12.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 14.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 14.12.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
14.12.2018

**ਮਤਾ ਨੰਬਰ:** 231

ਵਿਸ਼ਾ :- ਕਲੀਅਰੈਂਸ ਚੈਨਲ/ ਐਨ ਟਾਈਪ ਡਰੇਨ ਫੁੱਟਪਾਥ ਐਂਡ ਰੋਡ ਗਲੀ ਆਫ ਡਵੀਜ਼ਨ ਨੰ: 3 (ਤਖਮੀਨਾ 12.00 ਲੱਖ) ਤਖਮੀਨਾ ਸੋਧਣ ਬਾਰੇ

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 11.12.2018 ਕਿ ਸਬੰਧਤ ਵਿਸ਼ੇ ਦੇ ਅਧੀਨ ਕੰਮ ਮੈ: ਬਲੂਮੂਨ ਕੋ:ਅਪ ਐਲ ਸੀ ਸੋਸਾਇਟੀ ਨੂੰ ਵਰਕ ਆਰਡਰ ਨੰ: ਜੀ 33/ਸੀ ਈ/50 ਮਿਤੀ : 24.12.2015 ਨੂੰ ਜਾਰੀ ਹੋਇਆ ਸੀ। ਇਸ ਤਖਮੀਨੇ ਵਿੱਚ ਸੈਂਟਰਲ ਹਲਕੇ ਦੀਆਂ ਰੋਡ ਗਲੀਆਂ ਦੀ ਸਫਾਈ ਦਾ ਕੰਮ, ਰੋਡ ਗਲੀਆਂ ਦਾ ਬਰਿੱਕ ਵਰਕ, ਸੀਸੀ 1:2:4 ਅਤੇ ਮਲਬਾ Remove ਕਰਨ ਦਾ ਕੰਮ ਸੀ। ਸੈਂਟਰਲ ਹਲਕੇ ਦੇ ਐਮ.ਐਲ.ਏ ਸਾਹਿਬ ਨੇ ਇਸ ਕੰਮ ਵਿੱਚੋ ਗੁਰੂ ਗੋਬਿੰਦ ਸਿੰਘ ਐਵੀਨਿਊ, ਰੋਡ, ਸ਼੍ਰੀ ਰਾਮ ਚੌਂਕ ਤੋਂ ਜੇਲ੍ਹ ਚੋਂਕ ਤੇ ਮੇਨ ਰੋਡ ਸ਼ਕਤੀ ਨਗਰ ਵਿੱਚ ਆਮ ਜਨਤਾ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਇਨ੍ਹਾ ਸੜ੍ਹਕਾ ਉੱਤੇ ਵਾਈਟ ਲਾਈਨ, ਪੀਲੀ ਲਾਈਨ ਅਤੇ ਰੋਡ ਸਟੱਡ ਲਗਵਾਉਣ ਦੇ ਹੁਕਮ ਦਿੱਤੇ ਹਨ। ਮਾਨਯੋਗ ਮੇਅਰ ਸਾਹਿਬ ਨੇ ਵੀ ਇਸ ਕੰਮ ਵਿੱਚੋ ਵਾਰਡ ਨੰ: 49 ਦੀ ਮੇਨ ਰੋਡ ਸ਼ਕਤੀ ਨਗਰ, ਸ਼੍ਰੀ ਰਾਮ ਚੌਂਕ ਤੋਂ ਜੇਲ੍ਹ ਚੌਂਕ ਤੋ ਪੀਲੀ ਲਾਈਨ, ਵਾਈਟ ਲਾਈਨ ਅਤੇ ਰੋਡ ਸਟੱਡ ਲਗਵਾਉਣ ਦੇ ਹੁਕਮ ਦਿੱਤੇ ਹਨ । ਇਨ੍ਹਾਂ ਹੁਕਮਾ ਦੀ ਪਾਲਣਾ ਕਰਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾਂ (12.00 ਲੱਖ) ਬਣਾ ਦਿੱਤਾ ਗਿਆ ਹੈ ਜਿਸ ਵਿੱਚ ਉਪਰੋਕਤ ਮੰਗ ਅਨੁਸਾਰ ਰੋਡ ਮਾਰਕਿੰਗ ਪੈਂਟ, (ਵਾਈਟ ਲਾਈਨ, ਪੀਲੀ ਲਾਈਨ) ਰੋਡ ਸਟੱਡ ਦੀ Provision ਕਰ ਦਿੱਤੀ ਗਈ ਹੈ।ਇਸ ਸੋਧਿਆ ਤਖਮੀਨੇ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਮਿਤੀ 13.12.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 14.12.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 14.12.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਸਮੇਂ ਸਿਰ ਤਖ਼ਮੀਨਾ ਤਿਆਰ ਕਰਕੇ ਟੈਂਡਰ ਲਗਾਏ ਜਾਣ ਅਤੇ ਤਖ਼ਮੀਨਾ ਸੋਧਣ ਦੀ ਪ੍ਰਥਾ ਬੰਦ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

14.12.2018